# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times    24 ਅਗਸਤ 2026 ਦਿਨ ਸੋਮਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਹਾਸਿਆਂ ਦੇ ਬੇਤਾਜ ਬਾਦਸ਼ਾਹ ਜਸਵਿੰਦਰ ਭੱਲਾ ਦੀ ਯਾਦ ਵਿੱਚ ਸਰੀ ਵਿਖੇ ਯਾਦਗਾਰੀ ਸਮਾਗਮ

### ਪੁਸਤਕ 'ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ' ਰਿਲੀਜ਼ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ









ਸਰੀ, 24 ਅਗਸਤ : ਪੀ.ਏ.ਯੂ. ਫੈਮਿਲੀ ਐਸੋਸੀਏਸ਼ਨ ਵੈਨਕੂਵਰ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਮੋਹਾਲੀ ਵੱਲੋਂ ਪੰਜਾਬੀ ਹਾਸ-ਰਸ ਦੇ ਬੇਤਾਜ ਬਾਦਸ਼ਾਹ ਅਤੇ ਕਾਮੇਡੀ ਕਿੰਗ ਜਸਵਿੰਦਰ ਭੱਲਾ ਦੇ ਸਦੀਵੀ ਵਿਛੋੜੇ ਤੋਂ ਪੂਰਾ ਇੱਕ ਸਾਲ ਬਾਅਦ ਸਰੀ ਵਿਖੇ ਉਨ੍ਹਾਂ ਦੀ ਯਾਦ ਵਿੱਚ ਇੱਕ ਵਿਸ਼ਾਲ, ਭਾਵਪੂਰਨ ਅਤੇ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਦੋ ਸੌ ਦੇ ਕਰੀਬ ਉਨ੍ਹਾਂ ਦੇ ਪ੍ਰਸ਼ੰਸਕਾਂ, ਚਾਹੁਣ ਵਾਲਿਆਂ, ਸਾਹਿਤ ਅਤੇ ਕਲਾ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਆਪਣੇ ਹਰਮਨ ਪਿਆਰੇ ਕਲਾਕਾਰ ਨੂੰ ਯਾਦ ਕੀਤਾ।

ਇਸ ਸਮਾਗਮ ਦੀ ਸਭ ਤੋਂ ਖ਼ੂਬਸੂਰਤ ਵਿਸ਼ੇਸ਼ਤਾ ਇਹ ਰਹੀ ਕਿ ਜਸਵਿੰਦਰ ਭੱਲਾ ਨੂੰ ਉਦਾਸੀ ਜਾਂ ਸੋਗ ਦੇ ਮਾਹੌਲ ਵਿੱਚ ਨਹੀਂ, ਸਗੋਂ ਹਾਸਿਆਂ ਦੇ ਰੰਗ ਵਿੱਚ ਯਾਦ ਕੀਤਾ ਗਿਆ। ਜਿਸ ਕਲਾਕਾਰ ਨੇ ਆਪਣੀ ਕਲਾ ਰਾਹੀਂ ਦਹਾਕਿਆਂ ਤੱਕ ਪੰਜਾਬੀਆਂ ਦੇ ਚਿਹਰਿਆਂ 'ਤੇ ਮੁਸਕਰਾਹਟਾਂ ਬਿਖੇਰੀਆਂ, ਉਸ ਨੂੰ ਉਸੇ ਹਾਸ-ਰਸ ਅਤੇ ਖੁਸ਼ਮਿਜ਼ਾਜ਼ ਅੰਦਾਜ਼ ਵਿੱਚ ਯਾਦ ਕੀਤਾ ਗਿਆ, ਜਿਸ ਲਈ ਉਹ ਲੋਕਾਂ ਦੇ ਦਿਲਾਂ ਵਿੱਚ ਵਸਦੇ ਹਨ।





ਸਮਾਗਮ ਦੇ ਮੁੱਖ ਬੁਲਾਰੇ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਬਾਲ ਮੁਕੰਦ ਸ਼ਰਮਾ ਸਨ। ਉਹਨਾਂ ਜਸਵਿੰਦਰ ਭੱਲਾ ਨਾਲ ਲੰਮੇ ਸਮਾਂ ਕੰਮ ਕੀਤਾ ਅਤੇ ਉਨ੍ਹਾਂ ਦੀ ਕਲਾ-ਯਾਤਰਾ ਦੇ ਬਹੁਤ ਸਾਰੇ ਪੜਾਵਾਂ ਦੇ ਉਹ ਚਸ਼ਮਦੀਦ ਗਵਾਹ ਰਹੇ ਹਨ। ਬਾਲ ਮੁਕੰਦ ਸ਼ਰਮਾ ਨੇ ਆਪਣੇ ਸੰਬੋਧਨ ਦੌਰਾਨ ਜਸਵਿੰਦਰ ਭੱਲਾ ਨਾਲ ਬਿਤਾਏ ਕਈ ਸਾਲਾਂ ਦੀਆਂ ਅਨਮੋਲ ਯਾਦਾਂ ਬੇਹੱਦ ਖੂਬਸੂਰਤ ਅਤੇ ਦਿਲਚਸਪ ਲਹਿਜ਼ੇ ਵਿੱਚ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਜਸਵਿੰਦਰ ਭੱਲਾ ਦੇ ਕਲਾਤਮਕ ਸਫ਼ਰ ਦੇ ਮੁੱਢਲੇ ਦੌਰ ਕੈਸਟਾਂ ਅਤੇ ਭੰਡਾਂ ਦੀ ਕਲਾ ਤੋਂ ਲੈ ਕੇ ਪੰਜਾਬੀ ਫ਼ਿਲਮਾਂ ਤੱਕ ਉਨ੍ਹਾਂ ਦੀ ਸ਼ਾਨਦਾਰ ਕਲਾ-ਯਾਤਰਾ ਦੇ ਕਈ ਪੜਾਵਾਂ ਨੂੰ ਯਾਦ ਕੀਤਾ।

ਉਨ੍ਹਾਂ ਦੀ ਬਿਆਨਕਾਰੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਨ੍ਹਾਂ ਨੇ ਜਸਵਿੰਦਰ ਭੱਲਾ ਦੀ ਸ਼ਖ਼ਸੀਅਤ ਦੇ ਕਈ ਅਣਸੁਣੇ ਪੱਖ, ਅਣਕਹੀਆਂ ਗੱਲਾਂ ਅਤੇ ਅਣਮੁੱਲੀਆਂ ਯਾਦਾਂ ਪਹਿਲੀ ਵਾਰ ਸਰੋਤਿਆਂ ਦੇ ਸਾਹਮਣੇ ਰੱਖੀਆਂ। ਇਨ੍ਹਾਂ ਯਾਦਾਂ ਰਾਹੀਂ ਜਸਵਿੰਦਰ ਭੱਲਾ ਦੀ ਕਲਾ ਤੋਂ ਇਲਾਵਾ ਉਨ੍ਹਾਂ ਦੀ ਸਾਦਗੀ, ਮਿਲਾਪੜੇ ਸੁਭਾਅ, ਦੋਸਤੀ ਨਿਭਾਉਣ ਦੀ ਕਲਾ ਅਤੇ ਇਨਸਾਨੀਅਤ ਦੇ ਵੀ ਕਈ ਖ਼ੂਬਸੂਰਤ ਪੱਖ ਸਾਹਮਣੇ ਆਏ। ਬਾਲ ਮੁਕੰਦ ਸ਼ਰਮਾ ਦੀਆਂ ਗੱਲਾਂ ਵਿੱਚ ਦੋਸਤੀ ਦੀ ਗਰਮਾਹਟ ਵੀ ਸੀ, ਹਾਸੇ ਦਾ ਰੰਗ ਵੀ ਅਤੇ ਇੱਕ ਮਹਾਨ ਕਲਾਕਾਰ ਨੂੰ ਨੇੜਿਓਂ ਜਾਣਨ ਵਾਲੇ ਸਾਥੀ ਦੀ ਡੂੰਘੀ ਸਮਝ ਵੀ। ਉਨ੍ਹਾਂ ਦਾ ਸੰਬੋਧਨ ਸਮਾਗਮ ਦਾ ਸਭ ਤੋਂ ਪ੍ਰਭਾਵਸ਼ਾਲੀ ਅਤੇ ਯਾਦਗਾਰੀ ਪਲ ਬਣਿਆ।

ਸਮਾਗਮ ਦੌਰਾਨ ਡਾ. ਸਾਧੂ ਸਿੰਘ  ਹਰਜਿੰਦਰ ਥਿੰਦ, ਦਵਿੰਦਰ ਬੈਨੀਪਾਲ, ਜਸਬੀਰ ਰੋਮਾਣਾ, ਜਸਬੀਰ ਚੀਮਾ, ਮਨਿੰਦਰ ਗਿੱਲ, ਗੁਰਮੰਤ ਗਰੇਵਾਲ, ਵਿਜੇ ਸੈਣੀ, ਮੋਹਨ ਗਿੱਲ, ਮਨਮੋਹਨ ਗਰੇਵਾਲ, ਜੋਤਿਸਨਾ ਸਲੂਜਾ, ਕੰਚਨ ਸ਼ਰਮਾ, ਹਰਕੀਰਤ ਚਾਹਲ, ਰਵੀ ਚੀਮਾ, ਰਾਣਾ ਰਣਬੀਰ, ਬੀ.ਸੀ. ਦੇ ਮੰਤਰੀ ਜਗਰੂਪ ਬਰਾੜ,  ਡਾ. ਹਮੇਸ਼ ਤਿਵਾੜੀ, ਡਾ. ਰਮੇਸ਼ ਕੁਮਾਰ, ਡਾ. ਆਰ ਐਸ ਪਰਿਹਾਰ, ਸੁਖਵਿੰਦਰ ਸੁੱਖੀ ਅਤੇ ਹੋਰ ਕਈ ਬੁਲਾਰਿਆਂ ਨੇ ਜਸਵਿੰਦਰ ਭੱਲਾ ਨਾਲ ਜੁੜੀਆਂ ਯਾਦਾਂ, ਹਾਸੇ-ਮਜ਼ਾਕ ਵਾਲੇ ਕਿੱਸੇ ਅਤੇ ਉਨ੍ਹਾਂ ਦੀ ਕਲਾ ਨਾਲ ਸੰਬੰਧਿਤ ਦਿਲਚਸਪ ਪਲ ਸਰੋਤਿਆਂ ਨਾਲ ਸਾਂਝੇ ਕੀਤੇ। ਕਿਸੇ ਵੀ ਬੁਲਾਰੇ ਨੇ ਉਦਾਸੀ ਭਰੇ ਜਾਂ ਮਾਤਮੀ ਬੋਲਾਂ ਨਾਲ ਸਮਾਗਮ ਦੇ ਮਾਹੌਲ ਨੂੰ ਗਮਗੀਨ ਨਹੀਂ ਕੀਤਾ। ਹਰ ਕਿਸੇ ਨੇ ਉਨ੍ਹਾਂ ਨੂੰ ਹਾਸਿਆਂ ਦੇ ਬਾਦਸ਼ਾਹ,  ਕਮੇਡੀ ਕਿੰਗ ਅਤੇ ਪੰਜਾਬੀ ਹਾਸ-ਰਸ ਦੇ ਅਮਿੱਟ ਚਿਹਰੇ ਵਜੋਂ ਯਾਦ ਕੀਤਾ।

ਇਸ ਮੌਕੇ ਬਾਲ ਮੁਕੰਦ ਸ਼ਰਮਾ ਵੱਲੋਂ ਜਸਵਿੰਦਰ ਭੱਲਾ ਦੀ ਯਾਦ ਨੂੰ ਸਮਰਪਿਤ ਲਿਖੀ ਗਈ ਯਾਦਗਾਰੀ ਪੁਸਤਕ 'ਅਣਡਿੱਠਾ ਅਣਸੁਣਿਆ ਜਸਵਿੰਦਰ ਭੱਲਾ' ਵੀ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਦਾ ਪਲ ਉਨ੍ਹਾਂ ਦੇ ਪ੍ਰਸ਼ੰਸਕਾਂ ਅਤੇ ਚਾਹੁਣ ਵਾਲਿਆਂ ਲਈ ਬੇਹੱਦ ਮਹੱਤਵਪੂਰਨ ਰਿਹਾ। ਇਹ ਪੁਸਤਕ ਜਸਵਿੰਦਰ ਭੱਲਾ ਦੀ ਕਲਾ ਅਤੇ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਸੁਰਿੰਦਰ ਚਾਹਲ, ਡਾ. ਦਿਲਬਾਗ ਰਾਣਾ, ਰਾਜਵੰਤ ਰਾਜ, ਅੰਗਰੇਜ਼ ਬਰਾੜ, ਡਾ. ਸੁਖਦੇਵ ਮਾਨ, ਡਾ. ਜਸ ਬਾਸੀ, ਜਤਿੰਦਰ ਜੇ ਮਿਨਹਾਸ, ਪੀਏਯੂ ਫੈਮਲੀ ਐਸੋਸੀਏਸ਼ਨ ਅਤੇ ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ ਦੇ ਸਾਰੇ ਐਗਜ਼ੈਕਟਿਵ ਮੈਂਬਰ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨਾਲ ਸਬੰਧਤ ਕਈ ਵਿਦਵਾਨ ਅਤੇ ਵਿਦਿਆਰਥੀ ਸ਼ਾਮਲ ਸਨ। ਅੰਤ ਵਿਚ ਡਾ. ਗੁਲਜ਼ਾਰ ਸਿੰਘ ਵਿਲਿੰਗ ਅਤੇ ਡਾ. ਸੁਖਵਿੰਦਰ ਸਿੰਘ ਨੇ ਸਮਾਗਮ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦਾ ਸੰਚਾਲਨ ਡਾ. ਅਮਰਜੀਤ ਭੁੱਲਰ ਨੇ ਬਾਖੂਬੀ ਕੀਤਾ। ਸਮੁੱਚੇ ਤੌਰ 'ਤੇ ਇਹ ਸਮਾਗਮ ਕਿਸੇ ਵਿਛੜੇ ਕਲਾਕਾਰ ਦਾ ਸਿਰਫ਼ ਯਾਦਗਾਰੀ ਸਮਾਗਮ ਨਹੀਂ ਸੀ, ਸਗੋਂ ਜਸਵਿੰਦਰ ਭੱਲਾ ਦੀ ਜ਼ਿੰਦਗੀ, ਕਲਾ, ਦੋਸਤੀ, ਇਨਸਾਨੀਅਤ ਅਤੇ ਹਾਸੇ ਨੂੰ ਮਨਾਉਣ ਦਾ ਇੱਕ ਖ਼ੂਬਸੂਰਤ ਜਸ਼ਨ ਸੀ। ਉਨ੍ਹਾਂ ਨੂੰ ਯਾਦ ਕਰਦਿਆਂ ਸਰੋਤਿਆਂ ਦੇ ਚਿਹਰਿਆਂ 'ਤੇ ਆਈ ਮੁਸਕਰਾਹਟ ਹੀ ਇਸ ਗੱਲ ਦੀ ਗਵਾਹ ਸੀ ਕਿ ਜਸਵਿੰਦਰ ਭੱਲਾ ਅੱਜ ਵੀ ਆਪਣੀ ਕਲਾ ਰਾਹੀਂ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ।

## ਸਰਕਾਰੀ ਹਾਈ ਸਮਾਰਟ ਸਕੂਲ ਘੁੰਗਰਾਲੀ ਰਾਜਪੂਤਾਂ ਦੀ ਅੰਡਰ-14 ਫੁੱਟਬਾਲ ਟੀਮ ਜ਼ਿਲ੍ਹੇ ਵਿੱਚੋ ਪਹਿਲੇ ਸਥਾਨ 'ਤੇ ਆਈ

### ਵਿਦਿਆ ਦੇ ਨਾਲ ਖੇਡਾਂ ਵਿੱਚ ਵੀ ਅੱਗੇ ਸਰਕਾਰੀ ਹਾਈ ਸਮਾਰਟ ਸਕੂਲ ਘੁੰਗਰਾਲੀ ਰਾਜਪੂਤਾਂ: ਗੁਰਦੀਪ ਘਈ

ਵਰਲਡ ਪੰਜਾਬੀ ਟਾਈਮਜ਼



ਖੰਨਾ, ਲੁਧਿਆਣਾ, 24 ਅਗਸਤ: ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਰਕਾਰੀ ਹਾਈ ਸਮਾਰਟ ਸਕੂਲ, ਘੁੰਗਰਾਲੀ ਰਾਜਪੂਤਾਂ ਨੇ ਇੱਕ ਵਾਰ ਫਿਰ ਸਿੱਖਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਾਪਤੀ ਦਰਜ ਕਰਦਿਆਂ ਆਪਣੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਪੰਜਾਬ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ 70 ਵੇ ਖੇਡ ਮੁਕਾਬਲਿਆਂ ਵਿੱਚ ਸਕੂਲ ਦੀ ਅੰਡਰ-14 ਲੜਕਿਆਂ ਦੀ ਫੁੱਟਬਾਲ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲੁਧਿਆਣਾ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

ਸਕੂਲ ਮੁੱਖੀ ਗੁਰਦੀਪ ਘਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਪੜ੍ਹਾਈ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਨਾਲ-ਨਾਲ ਖੇਡਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ, ਜਿਸ ਦਾ ਨਤੀਜਾ ਅੱਜ ਵਿਦਿਆਰਥੀਆਂ ਦੀਆਂ ਲਗਾਤਾਰ ਪ੍ਰਾਪਤੀਆਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਮਿਹਨਤ, ਕੋਚਾਂ ਦੀ ਲਗਨ ਅਤੇ ਸਕੂਲ ਦੇ ਸਮੂਹ ਸਟਾਫ਼ ਦੇ ਸਹਿਯੋਗ ਦਾ ਨਤੀਜਾ ਹੈ।

ਇਸ ਸ਼ਾਨਦਾਰ ਸਫਲਤਾ 'ਤੇ ਸਕੂਲ ਮੁੱਖੀ ਗੁਰਦੀਪ ਘਈ ਨੇ ਟੀਮ ਦੇ ਕੋਚ ਪਰਦੀਪ ਸਿੰਘ ਅਤੇ ਜਗਦੇਵ ਸਿੰਘ ਸਮੇਤ ਸਮੂਹ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਅਗਲੇ ਪੱਧਰ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਮੂਹ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ ਅਤੇ ਦੇਸ਼-ਵਿਦੇਸ਼ ਵਿੱਚ ਰਹਿੰਦੇ ਸਕੂਲ ਦੇ ਸ਼ੁਭਚਿੰਤਕਾਂ ਵੱਲੋਂ ਵੀ ਵਧਾਈ ਸੰਦੇਸ਼ ਪ੍ਰਾਪਤ ਹੋਏ। ਇਸ ਮੌਕੇ ਅਸ਼ੀਸ਼ ਕੁਮਾਰ, ਚਰਨਜੀਤ ਕੌਰ, ਪਰਮਿੰਦਰ ਕੌਰ, ਪੁਸ਼ਪਿੰਦਰ ਸਿੰਘ, ਸੰਦੀਪ ਕੌਰ, ਜਸਪ੍ਰੀਤ ਕੌਰ, ਗੁਰਚਰਨ ਦਾਸ, ਜਗਦੀਪ ਸਿੰਘ, ਪਰਵਿੰਦਰ ਕੌਰ, ਸੰਦੀਪ ਕੌਰ ਅਤੇ ਨਵਦੀਪ ਸਿੰਘ ਸਮੇਤ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ। ਸਕੂਲ ਪਰਿਵਾਰ ਨੇ ਆਸ ਪ੍ਰਗਟਾਈ ਕਿ ਟੀਮ ਅਗਲੇ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਨਵੀਆਂ ਉਪਲਬਧੀਆਂ ਹਾਸਲ ਕਰੇਗੀ।

## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋ " ਸਿਰਜਨਾ ਦੇ ਆਰ ਪਾਰ " ਪ੍ਰੋਗਰਾਮ ਵਿੱਚ ਡਾ. ਬਲਵਿੰਦਰ ਕੌਰ ਬਰਾੜ ਨਾਲ ਯਾਦਗਾਰੀ ਰੂਬਰੂ — ਸਾਹਿਤਕ ਸਫ਼ਰ, ਜੀਵਨ ਅਨੁਭਵ ਅਤੇ ਨਾਰੀ ਚੇਤਨਾ ਦੇ ਵਿਭਿੰਨ ਪੱਖ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੇਂਪਟਨ 24 ਅਗਸਤ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ 'ਸਿਰਜਣਾ ਦੇ ਆਰ-ਪਾਰ' ਪ੍ਰੋਗਰਾਮ ਤਹਿਤ ਪ੍ਰੋ. ਕੁਲਜੀਤ ਕੌਰ ਵੱਲੋਂ ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ, ਸੇਵਾਮੁਕਤ ਪ੍ਰੋਫ਼ੈਸਰ ਤੇ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਬਕਾ ਮੁਖੀ ਡਾ. ਬਲਵਿੰਦਰ ਕੌਰ ਬਰਾੜ ਨਾਲ 23 ਅਗਸਤ ਦਿਨ ਐਤਵਾਰ ਨੂੰ ਵਿਸ਼ੇਸ਼ ਰੂਬਰੂ ਕਰਵਾਇਆ ਗਿਆ। ਇਹ 'ਸਿਰਜਣਾ ਦੇ ਆਰ-ਪਾਰ' ਪ੍ਰੋਗਰਾਮ ਤਹਿਤ ਪ੍ਰੋ. ਕੁਲਜੀਤ ਕੌਰ ਵੱਲੋਂ ਕਰਵਾਇਆ ਗਿਆ 57ਵਾਂ ਰੂਬਰੂ ਸੀ। ਡਾ. ਬਲਵਿੰਦਰ ਕੌਰ ਬਰਾੜ ਅੱਜਕੱਲ੍ਹ ਕੈਲਗਰੀ ਵਿਖੇ ਰਹਿ ਰਹੇ ਹਨ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਸਾਹਿਤਕ ਤੇ ਸਮਾਜਿਕ ਸਰੋਕਾਰਾਂ ਨਾਲ ਲਗਾਤਾਰ ਜੁੜੇ ਹੋਏ ਹਨ।

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਰਪ੍ਰਸਤ ਸੁਰਜੀਤ ਜੀ ਨੇ ਡਾ. ਬਲਵਿੰਦਰ ਕੌਰ ਬਰਾੜ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਲਿਖਤਾਂ ਤਾਂ ਪਹਿਲਾਂ ਹੀ ਪਾਠਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾ ਚੁੱਕੀਆਂ ਹਨ, ਪਰ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਵਿਚਾਰ ਅਤੇ ਬੋਲ ਹੋਰ ਵੀ ਵੱਡੇ ਘੇਰੇ ਤੱਕ ਪਹੁੰਚੇ ਹਨ। ਰਮਿੰਦਰ ਰੰਮੀ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦੀ ਜਾਣ-ਪਛਾਣ ਕਰਵਾਉਂਦਿਆਂ ਡਾ. ਬਰਾੜ ਦਾ ਸਵਾਗਤ ਕੀਤਾ। ਉਹਨਾਂ ਕਿਹਾ ਕਿ " ਤੁਸੀਂ ਘਰ ਅਸਾਡੇ ਆਏ , ਅਸੀਂ ਫੁਲੇ ਨਹੀਂ ਸਮਾਏ " ਆਪ ਸੱਭ ਦੇ ਪਿਆਰ , ਸਾਥ ਤੇ ਸਹਿਯੋਗ ਸਦਕਾ ਹੀ ਇਹ ਸਫ਼ਲ ਪ੍ਰੋਗਰਾਮ ਹੋ ਰਹੇ ਹਨ ।ਰੂਬਰੂ ਦਾ ਆਗਾਜ਼ ਕਰਦਿਆਂ ਪ੍ਰੋ. ਕੁਲਜੀਤ ਕੌਰ ਨੇ ਡਾ. ਬਲਵਿੰਦਰ ਕੌਰ ਬਰਾੜ ਦੇ ਅਨੁਸ਼ਾਸਨ, ਸੰਘਰਸ਼ਮਈ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ 38 ਸਾਲ ਅਧਿਆਪਨ ਦੇ ਖੇਤਰ ਵਿੱਚ ਸੇਵਾ ਨਿਭਾਈ ਅਤੇ ਲਗਭਗ 20 ਪੁਸਤਕਾਂ ਦੀ ਰਚਨਾ ਕੀਤੀ। ਪ੍ਰੋ. ਕੁਲਜੀਤ ਕੌਰ ਨੇ ਗੱਲਬਾਤ ਨੂੰ ਉਨ੍ਹਾਂ ਦੇ ਪਰਿਵਾਰਕ ਪਿਛੋਕੜ, ਸਾਹਿਤਕ ਰੁਚੀ ਦੇ ਵਿਕਾਸ ਅਤੇ ਜੀਵਨ ਅਨੁਭਵਾਂ ਨਾਲ ਜੋੜਦਿਆਂ ਬਹੁਤ ਹੀ ਸਹਿਜ ਤੇ ਦਿਲਚਸਪ ਢੰਗ ਨਾਲ ਅੱਗੇ ਵਧਾਇਆ

ਆਪਣੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਡਾ. ਬਰਾੜ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਇਤਿਹਾਸਕਾਰ ਸਨ ਅਤੇ ਘਰ ਦਾ ਮਾਹੌਲ ਧਾਰਮਿਕ ਸੀ। ਸਾਹਿਤ ਨਾਲ ਸਿੱਧਾ ਵਾਸਤਾ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਨਾਵਲ ਚੋਰੀ-ਚੋਰੀ ਪੜ੍ਹਨੇ ਸ਼ੁਰੂ ਕੀਤੇ। ਲੋਕ-ਬੋਲੀਆਂ ਅਤੇ ਲੋਕ-ਸਾਹਿਤ ਦੇ ਸੰਪਰਕ ਨੇ ਉਨ੍ਹਾਂ ਦੀ ਸਿਰਜਣਾਤਮਕ ਸੋਚ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਆਪਣੀ ਅਧਿਆਪਕਾ ਦਰਸ਼ਨ ਕੌਰ ਬੇਦੀ ਦੇ ਵਿਸ਼ੇਸ਼ ਯੋਗਦਾਨ ਨੂੰ ਯਾਦ ਕਰਦਿਆਂ ਦੱਸਿਆ ਕਿ 'ਜੇ ਮੈਂ ਲੜਕਾ ਹੁੰਦੀ' ਵਿਸ਼ੇ 'ਤੇ ਲਿਖੇ ਲੇਖ ਨੇ ਉਨ੍ਹਾਂ ਨੂੰ ਇਹ ਵਿਸ਼ਵਾਸ ਦਿੱਤਾ ਕਿ ਉਹ ਲੇਖਕ ਬਣ ਸਕਦੇ ਹਨ।

ਗੱਲਬਾਤ ਦੌਰਾਨ ਡਾ. ਬਰਾੜ ਨੇ ਪੰਜਾਬੀ ਯੂਨੀਵਰਸਿਟੀ ਵਿੱਚ ਆਪਣੇ ਅਧਿਐਨ ਅਤੇ ਅਧਿਆਪਨ ਦੇ ਦੌਰ ਨੂੰ ਵੀ ਯਾਦ ਕੀਤਾ। ਪੰਜਾਬ ਦੇ ਕਾਲੇ ਦੌਰ ਦੌਰਾਨ ਨੌਜਵਾਨਾਂ ਅਤੇ ਵਿਦਿਆਰਥੀਆਂ 'ਤੇ ਹੋਏ ਜ਼ੁਲਮ ਅਤੇ ਮਾਵਾਂ ਵੱਲੋਂ ਸਹੇ ਮਾਨਸਿਕ ਸੰਤਾਪ ਨੇ ਉਨ੍ਹਾਂ ਦੀ ਸੰਵੇਦਨਾ ਨੂੰ ਡੂੰਘਾ ਪ੍ਰਭਾਵਿਤ ਕੀਤਾ। ਇਹੀ ਅਨੁਭਵ ਬਾਅਦ ਵਿੱਚ ਉਨ੍ਹਾਂ ਦੀ ਗਲਪ ਰਚਨਾ ਦਾ ਮਹੱਤਵਪੂਰਨ ਆਧਾਰ ਬਣੇ।

ਕੈਲਗਰੀ ਤੋਂ ਪ੍ਰਕਾਸ਼ਿਤ ਹੋਣ ਵਾਲੇ ਪੰਜਾਬੀ ਅਖ਼ਬਾਰ ਵਿੱਚ 'ਉਹ ਵੇਲਾ ਯਾਦ ਕਰ' ਕਾਲਮ ਰਾਹੀਂ ਵੀ ਉਹ ਲੋਕਾਂ ਦੇ ਦੁੱਖ-ਦਰਦ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦਾ ਗ਼ਮ ਉਨ੍ਹਾਂ ਦਾ ਆਪਣਾ ਗ਼ਮ ਬਣ ਜਾਂਦਾ ਹੈ ਅਤੇ ਜੀਵਨ ਵਿੱਚ ਮਿਲਣ ਵਾਲੇ ਲੋਕ ਉਨ੍ਹਾਂ ਦੀ ਸਿਰਜਣਾ ਲਈ ਪ੍ਰੇਰਨਾ ਬਣਦੇ ਹਨ।

ਪਰਵਾਸੀ ਜੀਵਨ ਦੇ ਅਨੁਭਵਾਂ ਬਾਰੇ ਗੱਲ ਕਰਦਿਆਂ ਡਾ. ਬਰਾੜ ਨੇ ਕਿਹਾ ਕਿ ਕੈਨੇਡਾ ਵਿੱਚ ਵੱਸਦੇ ਲੋਕਾਂ, ਖ਼ਾਸ ਕਰਕੇ ਨਵੀਂ ਪੀੜ੍ਹੀ ਦੇ ਮਨੋਵਿਗਿਆਨ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਇਕੱਲੇਪਣ, ਪਰਵਾਸੀ ਜੀਵਨ, ਪਰਿਵਾਰਕ ਵਿਛੋੜੇ ਅਤੇ ਨਵੇਂ ਸਮਾਜਿਕ ਅਨੁਭਵਾਂ ਨੂੰ ਸਾਹਿਤ ਵਿੱਚ ਦਰਜ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਆਪਣੀ ਸਿਰਜਣ ਪ੍ਰਕਿਰਿਆ ਬਾਰੇ ਉਨ੍ਹਾਂ ਕਿਹਾ ਕਿ ਜਿਹੜੀ ਘਟਨਾ ਮਨ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ, ਉਹੀ ਅਕਸਰ ਲਿਖਤ ਦਾ ਵਿਸ਼ਾ ਬਣਦੀ ਹੈ। 38 ਸਾਲਾਂ ਦੇ ਅਧਿਆਪਨ ਦੌਰਾਨ ਵਿਦਿਆਰਥੀਆਂ ਦੇ ਮਨੋਭਾਵਾਂ ਅਤੇ ਪਰਵਾਸੀ ਅਣਜੋੜ ਵਿਆਹਾਂ ਦੀਆਂ ਸ਼ਿਕਾਰ ਵਿਦਿਆਰਥਣਾਂ ਦੇ ਅੰਦਰੂਨੀ ਸੰਘਰਸ਼ਾਂ ਨੂੰ ਵੀ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਥਾਂ ਦਿੱਤੀ।

ਨੌਜਵਾਨ ਪੀੜ੍ਹੀ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਡਾ. ਬਰਾੜ ਨੇ ਕਿਹਾ ਕਿ ਅੱਜ ਦੀ ਪੀੜ੍ਹੀ ਸਾਹਿਤ ਨਾਲੋਂ ਬੋਲਾਂ ਰਾਹੀਂ ਵਧੇਰੇ ਜੁੜ ਰਹੀ ਹੈ। ਉਨ੍ਹਾਂ ਪੜ੍ਹਨ ਦੀ ਮਹੱਤਤਾ ਉਜਾਗਰ ਕਰਦਿਆਂ ਕਿਹਾ ਕਿ ਪੜ੍ਹਨਾ ਸਾਡੇ ਅੰਦਰਲੇ ਸੰਸਾਰ ਦਾ ਵਿਸਥਾਰ ਕਰਦਾ ਹੈ।

ਮਾਨ-ਸਨਮਾਨਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਡਾ. ਬਰਾੜ ਨੇ ਕਿਹਾ ਕਿ ਉਨ੍ਹਾਂ ਲਈ ਇਨਾਮਾਂ ਨਾਲੋਂ ਲੋਕਾਂ ਦਾ ਪਿਆਰ ਵੱਡਾ ਸਰਮਾਇਆ ਹੈ। ਉਨ੍ਹਾਂ ਆਪਣੇ ਜੀਵਨ ਦੇ ਸੰਘਰਸ਼ਾਂ ਨੂੰ ਯਾਦ ਕਰਦਿਆਂ ਕਿਹਾ ਕਿ ਚੁਣੌਤੀਆਂ ਮਨੁੱਖ ਨੂੰ ਤਰਾਸ਼ਦੀਆਂ ਹਨ ਅਤੇ ਅੱਖਰਾਂ ਦਾ ਸਾਥ ਮਨੁੱਖ ਨੂੰ ਬਿਖਰਨ ਤੋਂ ਬਚਾਉਂਦਾ ਹੈ। ਉਨ੍ਹਾਂ ਦੀ ਪੁਸਤਕ 'ਮਨ ਦਾ ਕੋਨਾ' ਉਨ੍ਹਾਂ ਦੀਆਂ ਜੀਵਨ ਯਾਦਾਂ ਨਾਲ ਜੁੜੀ ਹੋਈ ਹੈ। ਉਨ੍ਹਾਂ ਦੀ ਸਾਹਿਤਕ ਰਚਨਾ ਬਹੁ-ਪੱਖੀ ਹੈ।

ਇਹ ਵਰਨਣਯੋਗ ਹੈ ਕਿ ਡਾ ਬਲਵਿੰਦਰ ਕੌਰ ਬਰਾੜ ਨੇ ਨਾਵਲ, ਕਹਾਣੀ ਅਤੇ ਵਾਰਤਕ ਤਿੰਨਾਂ ਖੇਤਰਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਉਨ੍ਹਾਂ ਦੇ ਨਾਵਲਾਂ ਵਿੱਚ 'ਹਭੇ ਸਾਕ ਕੂੜਾਵੇ' ਅਤੇ 'ਅੰਗੂਠੇ ਦੇ ਨਿਸ਼ਾਨ' ਸ਼ਾਮਲ ਹਨ, ਜਦਕਿ ਕਹਾਣੀ-ਸੰਗ੍ਰਹਿਆਂ ਵਿੱਚ 'ਮਿੱਟੀ ਨਾ ਫਰੋਲ ਜੋਗੀਆ', 'ਜੱਗ ਵਿੱਚ ਸੀਰ', 'ਖੁਰਦੇ ਪੱਤਣ', 'ਤਲੀ 'ਤੇ ਉੱਗਿਆ ਫੁੱਲ', 'ਰੁੱਤ ਫਿਰੀ ਵਣ ਕੰਬਿਆ' ਅਤੇ 'ਉੱਚੇ ਬੁਰਜ' ਵਰਗੀਆਂ ਰਚਨਾਵਾਂ ਦਰਜ ਹਨ। ਇਸ ਤੋਂ ਇਲਾਵਾ 'ਮਨ ਦਾ ਕੋਨਾ' ਅਤੇ 'ਓਹ ਵੇਲਾ ਯਾਦ ਕਰ' ਉਨ੍ਹਾਂ ਦੀਆਂ ਵਾਰਤਕ ਪੁਸਤਕਾਂ ਹਨ।

ਉਨ੍ਹਾਂ ਦੀ ਰਚਨਾ ਦਾ ਇੱਕ ਮਹੱਤਵਪੂਰਨ ਪੱਖ ਪੰਜਾਬ ਦਾ ਲੋਕ-ਜੀਵਨ, ਲੋਕ-ਭਾਸ਼ਾ, ਲੋਕ-ਵਿਸ਼ਵਾਸ ਅਤੇ ਆਮ ਮਨੁੱਖ ਦੀਆਂ ਭਾਵਨਾਵਾਂ ਹਨ। ਉਨ੍ਹਾਂ ਦੀ ਲਿਖਤ ਵਿੱਚ ਔਰਤ ਦੇ ਜੀਵਨ, ਪਰਿਵਾਰਕ ਰਿਸ਼ਤਿਆਂ, ਸਮਾਜਕ ਤਬਦੀਲੀਆਂ, ਪਰਵਾਸ ਅਤੇ ਪੰਜਾਬ ਦੇ ਵੱਖ-ਵੱਖ ਦੌਰਾਂ ਦੇ ਅਨੁਭਵਾਂ ਦੀ ਡੂੰਘੀ ਪੇਸ਼ਕਾਰੀ ਵੀ ਨਜ਼ਰ ਆਉਂਦੀ ਹੈ। ਉਨ੍ਹਾਂ ਦੀ ਭਾਸ਼ਾ ਵਿੱਚ ਲੋਕ-ਬੋਲੀ ਦੀ ਸਾਦਗੀ ਅਤੇ ਜੀਵਨ ਦੀ ਮਿੱਟੀ ਦੀ ਮਹਿਕ ਮਹਿਸੂਸ ਹੁੰਦੀ ਹੈ।

ਪ੍ਰੋਗਰਾਮ ਦੌਰਾਨ ਹਾਜ਼ਰ ਸਰੋਤਿਆਂ ਨੇ ਡਾ. ਬਲਵਿੰਦਰ ਕੌਰ ਬਰਾੜ ਦੇ ਵਿਚਾਰਾਂ ਨੂੰ ਬੜੀ ਨੀਝ ਅਤੇ ਇਕਾਗਰਤਾ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਸਮੁੱਚੀ ਔਰਤ ਜਾਤੀ ਲਈ ਮਾਣਯੋਗ ਸ਼ਖ਼ਸੀਅਤ ਦੱਸਿਆ। ਡਾ. ਬਰਾੜ ਨੇ ਇਸ ਸਾਹਿਤਕ ਮਿਲਣੀ ਨੂੰ ਆਪਣੇ ਮਨ ਦੀ ਪਿਆਸ ਬੁਝਾਉਣ ਵਾਲਾ ਕਰਾਰ ਦਿੰਦਿਆਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਪਰਿਵਾਰ ਦਾ ਧੰਨਵਾਦ ਕੀਤਾ। ਪ੍ਰਬੰਧਕੀ ਟੀਮ ਦੇ ਮੈਂਬਰਾਂ ਅਤੇ ਹੋਰ ਸਾਹਿਤਕਾਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਪਤੀ ਮੌਕੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਡਾ. ਬਰਾੜ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਹ ਰੂਬਰੂ ਇੱਕ ਸਿਤਾਰੇ ਨੂੰ ਮਿਲਣ ਵਰਗਾ ਅਨੁਭਵ ਰਿਹਾ। ਉਨ੍ਹਾਂ ਪ੍ਰੋ. ਕੁਲਜੀਤ ਕੌਰ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਆਪਣੀ ਸਹਿਜ, ਸੰਵੇਦਨਸ਼ੀਲ ਅਤੇ ਸੁਚੱਜੀ ਸੰਵਾਦ-ਸ਼ੈਲੀ ਰਾਹੀਂ ਡਾ. ਬਲਵਿੰਦਰ ਕੌਰ ਬਰਾੜ ਦੀ ਬਹੁਪੱਖੀ ਸਾਹਿਤਕ ਸ਼ਖ਼ਸੀਅਤ ਨੂੰ ਸਰੋਤਿਆਂ ਸਾਹਮਣੇ ਉਜਾਗਰ ਕੀਤਾ। ਰਮਿੰਦਰ ਰਮੀ ਨੇ ਵੀ ਪ੍ਰੋ. ਕੁਲਜੀਤ ਕੌਰ ਦੀ ਸਹਿਜਤਾ ਅਤੇ ਡਾ. ਬਰਾੜ ਦੇ ਵਿਦਵਤਾ ਭਰੇ ਵਿਚਾਰਾਂ ਦੀ ਪ੍ਰਸ਼ੰਸਾ ਕੀਤੀ। ਬਹੁਤ ਸਾਰੇ ਮੈਂਬਰਜ਼ ਨੇ ਵੀ ਮੈਡਮ ਬਰਾੜ ਨਾਲ ਵੀ ਬਹੁਮੁੱਲੇ ਵਿਚਾਰ ਸਾਂਝੇ ਕੀਤੇ। ਧੰਨਵਾਦ ਸਹਿਤ ।

ਇਹ ਰਿਪੋਰਟ ਡਾ . ਪੁਸ਼ਵਿੰਦਰ ਖੋਖਰ ਜੀ ਤੇ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਅਣਕਹੇ ਦਰਦ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਕੁਝ ਦਰਦ ਦਿਖਦੇ ਨਹੀਂ
ਰਿਸਦੇ ਨੇ ਉਹ
ਜਿਹਨਾਂ ਨੂੰ ਅਸੀਂ
ਅੰਦਰ ਹੀ ਅੰਦਰ ਪੀ ਜਾਂਦੇ ਹਾਂ
ਪੱਕ ਕੇ ਫਿਰ ਨਾਸੂਰ
ਬਣ ਜਾਂਦੇ ਨੇ ਉਹ
ਜਿਹਨਾਂ ਦੇ ਜ਼ਖ਼ਮ ਬਹੁਤ
ਗਹਿਰੇ ਹੁੰਦੇ ਨੇ
ਉਹਨਾਂ ਦੀ ਕੋਈ ਦਵਾ
ਨਹੀਂ ਹੁੰਦੀ
ਜੋ ਹੱਥ ਲਾਇਆਂ ਵੀ
ਦੁੱਖਦੇ ਨੇ ਤੇ
ਮਲ੍ਹਮ ਲਾਇਆਂ ਵੀ
ਜਿਹਨਾਂ ਨੂੰ ਅਰਾਮ ਨਹੀਂ
ਹੁਣ ਹਾਲ ਨਾ ਪੁੱਛੋ
ਮੇਰੇ ਦਰਦਾਂ ਦਾ
ਕੁਝ ਦਰਦ ਐਸੇ ਹੁੰਦੇ ਨੇ
ਜਿਹਨਾਂ ਦੀ ਕੋਈ ਦਵਾ
ਨਹੀਂ ਹੁੰਦੀ
ਉਮਰ ਜੀਉਣ ਦੀ ਹੁੰਦੀ ਹੈ
ਪਰ ਮਰਨ ਦੀ ਦੁਆ ਕਰਦੇ ਹਾਂ
ਯਾ ਰੱਬਾ
ਇਹਨਾਂ ਦਰਦਾਂ ਦੀ
ਕੋਈ ਤੇ ਦਵਾ ਦੇ ਦੇ
ਨਹੀਂ ਤੇ ਆਪਣੇ ਕੋਲ
ਬੁਲਾ ਲੈ
ਥੱਕ ਗਈ ਹਾਂ ਹੁਣ
ਟੁੱਟ ਗਈ ਹਾਂ ਹੁਣ
ਜਿੰਦ ਮੇਰੀ ਵੀ ਮੁੱਕ
ਚਲੀ ਹੈ ਹੁਣ
ਇਹਨਾਂ ਅਣਕਹੇ ਦਰਦਾਂ ਦੀ
ਅਸਹਿ ਪੀੜਾ ਵਿੱਚ
ਦਿਲ ਜ਼ਾਰ ਜ਼ਾਰ
ਪਿਆ ਰੋਂਦਾ ਹੈ
ਕੀ ਕਰੀਏ ਹੁਣ
ਰੋਂਦੇ ਨਹੀਂ ਹਾਂ
ਐਵੇਂ ਉੱਪਰੋਂ ਹੀ ਉੱਪਰੋਂ
ਹੱਸ ਲੈਂਦੇ ਹਾਂ
ਖ਼ੁਸ਼ ਹੋਣ ਦਾ ਦਿਖਾਵਾ
ਕਰ ਲੈਂਦੇ ਹਾਂ ਪਰ
ਉਹ ਹੰਝੂ ਜੋ
ਬਾਹਰ ਨਹੀਂ ਆਉਣ ਦਿੰਦੇ
ਸੱਚ ਜਾਣਿਓ ਉਹ
ਅੰਦਰ ਹੀ ਅੰਦਰ ਬਹੁਤ
ਤਬਾਹੀ ਮਚਾਉਂਦੇ ਨੇ
ਇਹ ਅਣਕਹੇ ਦਰਦ
ਅਣਕਹੇ ਦਰਦ ।

## ਪੀ.ਏ.ਯੂ. ਲੁਧਿਆਣਾ ਦੇ ਤੇਲ-ਬੀਜ (Oilseeds) ਭਾਗ ਨੂੰ ਰਾਸ਼ਟਰੀ ਪੱਧਰ 'ਤੇ 'ਬੈਸਟ ਪਰਫਾਰਮਰ' (ਵਧੀਆ ਕਾਰਗੁਜ਼ਾਰੀ) ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 24 ਅਗਸਤ : ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU), ਲੁਧਿਆਣਾ ਦੇ ਪੌਦਾ ਪ੍ਰਜਨਨ ਅਤੇ ਜੈਨੇਟਿਕਸ ਵਿਭਾਗ ਦੇ ਤੇਲ-ਬੀਜ ਭਾਗ ਨੂੰ 'ਰੇਪਸੀਡ-ਮਸਟਰਡ' (ਸਰ੍ਹੋਂ-ਤੋਰੀਆ) 'ਤੇ 'ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟ' (AICRP) ਤਹਿਤ ਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਖੋਜ ਕਾਰਗੁਜ਼ਾਰੀ ਅਤੇ ਫਸਲ ਸੁਧਾਰ ਵਿੱਚ ਅਹਿਮ ਯੋਗਦਾਨ ਲਈ 'ਬੈਸਟ ਪਰਫਾਰਮਰ' ਪੁਰਸਕਾਰ ਦਿੱਤਾ ਗਿਆ ਹੈ।

ਇਹ ਪੁਰਸਕਾਰ 17-18 ਅਪ੍ਰੈਲ, 2026 ਨੂੰ ਭਰਤਪੁਰ, ਰਾਜਸਥਾਨ ਸਥਿਤ ICAR-ਇੰਡੀਅਨ ਇੰਸਟੀਚਿਊਟ ਆਫ਼ ਰਿਸਰਚ ਇਨ ਰੇਪਸੀਡ-ਮਸਟਰਡ (ICAR-IIRMR) ਵਿਖੇ ਆਯੋਜਿਤ AICRP (ਰੇਪਸੀਡ-ਮਸਟਰਡ) ਦੀ 33ਵੀਂ ਸਾਲਾਨਾ ਸਮੂਹ ਮੀਟਿੰਗ ਦੌਰਾਨ ਦਿੱਤਾ ਗਿਆ। ਇਹ ਪੁਰਸਕਾਰ ਡਾ. ਐਮ.ਐਲ. ਜੱਟ (ਸਕੱਤਰ, DARE ਅਤੇ ਡਾਇਰੈਕਟਰ ਜਨਰਲ, ICAR), ਡਾ. ਡੀ.ਕੇ. ਯਾਦਵ (ਡਿਪਟੀ ਡਾਇਰੈਕਟਰ ਜਨਰਲ - ਫਸਲ ਵਿਗਿਆਨ, ICAR), ਡਾ. ਐਸ.ਕੇ. ਝਾਅ (ਡਿਪਟੀ ਡਾਇਰੈਕਟਰ ਜਨਰਲ - ਤੇਲ-ਬੀਜ ਅਤੇ ਦਾਲਾਂ, ICAR), ਡਾ. ਐਸ.ਐਸ. ਬਾਂਗਾ (ਸਾਬਕਾ ICAR ਰਾਸ਼ਟਰੀ ਪ੍ਰੋਫੈਸਰ), ਡਾ. ਪੀ.ਆਰ. ਚੌਧਰੀ (ਸਹਾਇਕ ਡਾਇਰੈਕਟਰ ਜਨਰਲ - ਬੀਜ, ICAR) ਅਤੇ ਡਾ. ਵੀ.ਵੀ. ਸਿੰਘ (ਡਾਇਰੈਕਟਰ, ICAR-IIRMR) ਦੁਆਰਾ ਪ੍ਰਦਾਨ ਕੀਤਾ ਗਿਆ।



ਇਹ ਪੁਰਸਕਾਰ ਪੀ.ਏ.ਯੂ. ਵੱਲੋਂ ਕਿਸਮਾਂ ਦੇ ਵਿਕਾਸ, ਫਸਲ ਸੁਧਾਰ ਅਤੇ ਤੇਲ-ਬੀਜ ਫਸਲਾਂ (ਸਰ੍ਹੋਂ-ਤੋਰੀਆ) ਦੀ ਉਤਪਾਦਕਤਾ ਵਧਾਉਣ ਵਿੱਚ ਪਾਏ ਗਏ ਅਹਿਮ ਯੋਗਦਾਨ ਦੇ ਮਾਨਤਾ ਵਜੋਂ ਦਿੱਤਾ ਗਿਆ ਹੈ; ਇਸ ਵਿੱਚ ਲੋੜੀਂਦੇ ਗੁਣਾਂ ਵਾਲੀਆਂ ਬਿਹਤਰ, 'ਡਬਲ-ਲੋਅ' (ਘੱਟ ਈਰੂਸਿਕ ਐਸਿਡ ਅਤੇ ਘੱਟ ਗਲੂਕੋਸੀਨੋਲੇਟ ਵਾਲੀਆਂ) ਕਿਸਮਾਂ ਅਤੇ ਹਾਈਬ੍ਰਿਡਾਂ ਦਾ ਵਿਕਾਸ ਸ਼ਾਮਲ ਹੈ।

ਤੇਲ-ਬੀਜ ਭਾਗ ਦੀ ਇੰਚਾਰਜ ਡਾ. ਗੁਰਪ੍ਰੀਤ ਕੌਰ ਨੇ ਆਪਣੀ ਖੋਜ ਟੀਮ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ, ਜਿਸ ਵਿੱਚ ਡਾ. ਛਾਇਆ ਅਤਰੀ, ਡਾ. ਸਰਵਣ ਕੁਮਾਰ, ਡਾ. ਪੀ.ਐਸ. ਸੰਧੂ, ਡਾ. ਪੁਸ਼ਪ ਸ਼ਰਮਾ, ਡਾ. ਅਮਨਪ੍ਰੀਤ, ਡਾ. ਸੰਜੁਲਾ ਸ਼ਰਮਾ, ਡਾ. ਇੰਦੂ ਰਿਆਲਚ, ਡਾ. ਕੇ.ਕੇ. ਸ਼ਰਮਾ ਅਤੇ ਡਾ. ਮਧੂ ਢਿੰਗਰਾ ਸ਼ਾਮਲ ਸਨ।

ਪੌਦਾ ਪ੍ਰਜਨਨ ਅਤੇ ਜੈਨੇਟਿਕਸ ਵਿਭਾਗ ਦੇ ਮੁਖੀ ਡਾ. ਸੁਰਿੰਦਰ ਸੰਧੂ ਨੇ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਤੇਲ-ਬੀਜ ਭਾਗ ਦੇ ਉਨ੍ਹਾਂ ਨਿਰੰਤਰ ਯਤਨਾਂ ਦੀ ਜਾਇਜ਼ ਮਾਨਤਾ ਹੈ ਜਿਨ੍ਹਾਂ ਰਾਹੀਂ ਵਿਭਿੰਨ ਜੈਨੇਟਿਕ ਸਰੋਤਾਂ ਅਤੇ ਉ ਪੀ.ਏ.ਯੂ. (PAU) ਦੇ ਖੋਜ ਨਿਰਦੇਸ਼ਕ ਡਾ. ਏ.ਐਸ. ਢੱਟ ਨੇ ਤੇਲ-ਬੀਜ ਭਾਗ ਨੂੰ ਇਸ ਮਾਨਤਾ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਪੀ.ਏ.ਯੂ. ਪੰਜਾਬ ਵਿੱਚ ਤੇਲ-ਬੀਜਾਂ ਦੀ ਉਤਪਾਦਕਤਾ ਵਧਾਉਣ ਅਤੇ ਤੇਲ-ਬੀਜਾਂ ਦੀ ਘਾਟ ਤੇ ਦਰਾਮਦ ਕੀਤੇ ਜਾਣ ਵਾਲੇ ਖਾਣਯੋਗ ਤੇਲਾਂ 'ਤੇ ਨਿਰਭਰਤਾ ਨੂੰ ਘਟਾਉਣ ਲਈ ਕੀਤੇ ਜਾ ਰਹੇ ਵਿਆਪਕ ਰਾਸ਼ਟਰੀ ਯਤਨਾਂ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ।

ਪੀ.ਏ.ਯੂ. ਦੇ ਉਪ-ਕੁਲਪਤੀ ਡਾ. ਰਿਸ਼ੀ ਪਾਲ ਸਿੰਘ ਨੇ ਕਿਹਾ ਕਿ ਅਜਿਹੀ ਰਾਸ਼ਟਰੀ ਪੱਧਰ ਦੀ ਮਾਨਤਾ ਯੂਨੀਵਰਸਿਟੀ ਦਾ ਮਾਣ ਵਧਾਉਂਦੀ ਹੈ ਅਤੇ ਵਿਗਿਆਨੀਆਂ ਨੂੰ ਖੋਜ ਦੇ ਖੇਤਰ ਵਿੱਚ ਉੱਤਮਤਾ ਹਾਸਲ ਕਰਨ ਲਈ ਉਤਸ਼ਾਹਿਤ ਕਰਦੀ ਹੈ।

## ਤੀਆਂ ਦਾ ਤਿਉਹਾਰ ਮਹਿਲਾਵਾਂ ਲਈ ਖ਼ੁਸ਼ੀ, ਮਿਲਾਪ ਤੇ ਸਾਂਝ ਦਾ ਸੁਨੇਹਾ: ਡਾ. ਗੁਰਪ੍ਰੀਤ ਕੌਰ ਮਾਨ

### ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੇ ਲੋਕਾਂ ਨਾਲ ਕੀਤਾ ਹਰ ਵਾਅਦਾ ਨਿਭਾਇਆ: ਡਾ. ਗੁਰਪ੍ਰੀਤ ਕੌਰ ਮਾਨ

### ਰੰਗਲੇ ਪੰਜਾਬ' ਦੀ ਤਸਵੀਰ ਬਣਿਆ ਤੀਆਂ ਦਾ ਸਮਾਗਮ: ਡਾ. ਬਲਬੀਰ ਸਿੰਘ

### ਪਟਿਆਲਾ ਦਿਹਾਤੀ 'ਚ ਤੀਆਂ ਦਾ ਮੇਲਾ, ਵੱਡੀ ਗਿਣਤੀ 'ਚ ਪਹੁੰਚੀਆਂ ਮਹਿਲਾਵਾਂ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ , 24 ਅਗਸਤ :ਪਟਿਆਲਾ ਵਿਖੇ ਤੀਆਂ ਦੇ ਤਿਉਹਾਰ ਮੌਕੇ ਕਰਵਾਏ ਰਾਜ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਧਰਮਪਤਨੀ ਡਾ. ਗੁਰਪ੍ਰੀਤ ਕੌਰ ਮਾਨ ਅਤੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ੍ਰੀਮਤੀ ਰਾਜ ਲਾਲੀ ਗਿੱਲ ਦਾ ਪਟਿਆਲਾ ਦਿਹਾਤੀ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਇਲਾਕਾ ਵਾਸੀਆਂ ਨੇ ਸ਼ਮੂਲੀਅਤ ਕਰਕੇ ਤੀਆਂ ਦੇ ਮੇਲੇ ਦੀ ਰੌਣਕ ਵਧਾਈ।




ਡਾ. ਗੁਰਪ੍ਰੀਤ ਕੌਰ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬੀ ਮਹਿਲਾਵਾਂ ਲਈ ਖ਼ੁਸ਼ੀ, ਮਿਲਾਪ, ਸਾਂਝ ਅਤੇ ਪਿਆਰ ਦਾ ਸੁਨੇਹਾ ਲੈ ਕੇ ਆਉਂਦਾ ਹੈ। ਇਹ ਪੰਜਾਬੀ ਸੱਭਿਆਚਾਰ ਅਤੇ ਰਵਾਇਤੀ ਵਿਰਸੇ ਦਾ ਅਟੁੱਟ ਹਿੱਸਾ ਹੈ, ਜੋ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਤੀਆਂ ਦੇ ਮੇਲੇ ਕਰਵਾਏ ਜਾ ਰਹੇ ਹਨ, ਤਾਂ ਜੋ ਪੰਜਾਬੀ ਵਿਰਸੇ ਦੀਆਂ ਰਵਾਇਤਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵੱਲ ਅਹਿਮ ਕਦਮ ਚੁੱਕੇ ਹਨ। ਉਨ੍ਹਾਂ ਪੰਜਾਬ ਸਰਕਾਰ ਦੀਆਂ ਮੁੱਖ ਮੰਤਰੀ ਸਿਹਤ ਯੋਜਨਾ, ਮੁਹੱਲਾ ਕਲੀਨਿਕ ਅਤੇ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਡਾ. ਮਾਨ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇੰਨੇ ਵੱਡੇ ਇਕੱਠ ਨੂੰ ਸੁਚੱਜੇ ਢੰਗ ਨਾਲ ਸੰਭਾਲਣਾ ਸ਼ਲਾਘਾਯੋਗ ਕਾਰਜ ਹੈ। ਉਨ੍ਹਾਂ ਕਿਹਾ ਕਿ ਸਮਾਗਮ ਵਿੱਚ ਆਉਣ ਵਾਲੀਆਂ ਮਾਵਾਂ-ਧੀਆਂ ਦੀ ਸਹੂਲਤ ਅਤੇ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ।

ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ, "ਇਹੀ ਹੈ ਮਾਨ ਸਰਕਾਰ ਦੇ ਰੰਗਲੇ ਪੰਜਾਬ ਦੀ ਤਸਵੀਰ—ਪੰਜਾਬੀ ਵਿਰਸੇ ਦੇ ਰੰਗ, ਧੀਆਂ-ਭੈਣਾਂ ਦਾ ਸਤਿਕਾਰ ਤੇ ਲੋਕਾਂ ਦੀ ਖ਼ੁਸ਼ੀ।" ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਅਹਿਮ ਹਨ।

ਸਮਾਗਮ ਦੌਰਾਨ ਤੀਆਂ ਦੇ ਰਵਾਇਤੀ ਰੰਗ, ਸੱਭਿਆਚਾਰਕ ਪੇਸ਼ਕਾਰੀਆਂ ਅਤੇ ਔਰਤਾਂ ਦੀ ਵੱਡੀ ਸ਼ਮੂਲੀਅਤ ਨੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ।

ਇਸ ਮੌਕੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸ੍ਰੀ ਹਰਪਾਲ ਵਿਰਕ, ਮੇਅਰ ਕੁੰਦਨ ਗੋਗੀਆ, ਐਡਵੋਕੇਟ ਰਾਹੁਲ ਸੈਣੀ, ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ, , ਜਸਵੀਰ ਗਾਂਧੀ, ਸੁਰੇਸ਼ ਰਾਏ, ਚਰਨਜੀਤ ਐਸ.ਕੇ., ਜਤਿੰਦਰ ਕੌਰ ਐਸ.ਕੇ., ਦੇਵਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਇਲਾਕਾ ਵਾਸੀ ਹਾਜ਼ਰ ਸਨ।

## ਕੁਰਸੀ ਦਾ ਰੰਡੀ ਰੋਣਾ



ਰੰਡੀ ਰੋਣਾ ਕੁਰਸੀ ਦਾ
ਹਰ ਲੀਡਰ ਰੋਈ ਜਾਵੇ
ਕੁਰਸੀ ਖਾਤਿਰ ਗਿਰਗਿਟ ਵਾਂਗੂ
ਰੰਗ ਵਟਾਈ ਜਾਵੇ

ਰਲਮਿਲ ਆਪਾਂ ਦੇਸ਼ ਬਚਾਉਣਾ
ਕਾਂਵਾਂ ਰੌਲੀ ਪਾਉਂਦੇ
ਕੁਰਸੀ ਖਾਤਿਰ ਥਾਂ ਥਾਂ ਫਿਰਦੇ
ਮੁੱਦਿਆਂ ਨੂੰ ਚਮਕਾਉਂਦੇ

ਕੋਈ ਦੇਸ਼ ਨੂੰ ਖਤਰਾ ਦੱਸੇ
ਕੋਈ ਧਰਮ ਦਾ ਰੌਲਾ ਪਾਵੇ
ਕੋਈ ਨਸ਼ਿਆਂ ਦਾ ਰੌਲਾ ਪਾ ਕੇ
ਆਪਣੀ ਪਹਿਚਾਣ ਕਰਾਵੇ

ਕੋਈ ਕਿਸਾਨਾਂ, ਕੋਈ ਮਜ਼ਦੂਰਾਂ
ਕੋਈ ਭਾਸ਼ਾ ਦੇ ਲਈ ਲੜਦਾ
ਇਲੈਕਸ਼ਨ ਵੇਲੇ ਇਧਰੋਂ ਉਧਰੋਂ
ਫਿਰੇਂ ਟਿਕਟਾਂ ਪੱਕੀਆਂ ਕਰਦਾ

ਬਿਗਾਨੇ ਪੁੱਤਾਂ ਦੇ ਸਿਵਿਆ ਉਤੇ
ਸਿਆਸਤ ਖੇਡੀ ਜਾਵੇ
ਭੁਲੱਥ ਰੰਡੀ ਰੋਣਾ ਕੁਰਸੀ ਦਾ
ਹਰ ਲੀਡਰ ਰੋਈ ਜਾਵੇ
ਭੁਲੱਥ ਰੰਡੀ ਰੋਣਾ———-

ਵਰਲਡ ਪੰਜਾਬੀ ਟਾਈਮਜ਼
ਸ ਕਸ਼ਮੀਰ ਸਿੰਘ ਭੁਲੱਥ

## ਸੱਜਣਾ ਮੁੱਖ ਤੇ (ਕਵਿਤਾ)

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਨਾ ਅੱਖ , ਨਾ ਬੁੱਲ ਉਦਾਸੇ ਰੱਖ ,
ਸੱਜਣਾ ਮੁੱਖ ਤੇ ਹਾਸੇ ਰੱਖ ।

ਸੱਜਣਾ ਦੁਖ ਹੈ ਉਮਰਾਂ ਦਾ ਗਹਿਣਾ ,
ਏਨਾਂ ਵੀ ਸਦਾ ਨਾਲ ਹੈ ਰਹਿਣਾ ,

ਇਸ ਦੁਖ ਨਾ ਇਕ ਪਾਸੇ ਰੱਖ ,
ਸੱਜਣਾ ਮੁੱਖ ਤੇ.................

ਸੰਗੀ ਸਾਥੀ ਹੁੰਦੇ ਦੁਖ ਸੁਖ ਦੱਸਣ ਨੂੰ,
ਇੱਕ ਦੂਜੇ ਨਾਲ ਖੇਡਣ ਹੱਸਣ ਨੂੰ ,

ਪਿਆਰ ਮੁਹੱਬਤ ਦੇ ਭਰ ਕਾਸੇ ਰੱਖ ।
ਸੱਜਣਾ ਮੁੱਖ ਤੇ ...................

ਆਪਣੇ-ਆਪ ਚ ਕੁਝ ਚੰਗੇ ਰਿਸਤੇ ਹੁੰਦੇ ਨੇ ,
ਦੋਸਤਾਂ ਵਰਗੇ "ਦਰਦੀ" ਕਈ ਫਰਿਸ਼ਤੇ ਹੁੰਦੇ ਨੇ,

'ਸ਼ਿਵ' ਵਾਂਗ ਤੂੰ ਗੀਜੇ ਮਿੱਠੇ ਪਤਾਸੇ ਰੱਖ ।
ਸੱਜਣਾ ਮੁੱਖ ਤੇ ...................